**ਤੱਥ-ਸ਼ੀਟ: ਕੰਮ ਵਾਲੀ ਥਾਂ  ਤੇ ਮਿਲੇ ਅਧਿਕਾਰਾਂ ਨੂੰ ਵਰਤਣ ਦੇ ਆਧਾਰ ਤੇ ਲਿਆ ਗਿਆ ਜਵਾਬੀ-ਬਦਲਾ ਗੈਰਕਾਨੂੰਨੀ ਹੁੰਦਾ ਹੈ**

ਮਜ਼ਦੂਰਾਂ ਦੇ ਅਧਿਕਾਰਾਂ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਫ਼ੈਡਰਲ  ਏਜੰਸੀਆਂ ਇਮੀਗ੍ਰੇਸ਼ਨਸਥਿਤੀ ਨੂੰ ਧਿਆਨ ਵਿਚ ਰੱਖੇ ਬਿਨਾ ਸਾਰੇ ਵਰਕਰਾਂ ਨੂੰ ਸ਼ੋਸ਼ਣ ਅਤੇ ਦੁਰਵਿਹਾਰ ਤੋਂ ਬਚਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਹਾਲਾਂਕਿ, ਬਹੁਤ ਸਾਰੇ ਵਰਕਰਾਂ ਨੂੰ ਜਵਾਬੀ-ਬਦਲੇ ਦਾ ਡਰਾਵਾ ਦੇਕੇ ਕੰਮ ਵਾਲੀ ਥਾਂ ਤੇ ਮਿਲੇ ਅਧਿਕਾਰਾਂ ਦਾ ਦਾਅਵਾ ਕਰਨ ਤੋਂ ਵਰਜਿਆ ਜਾਂ ਰੋਕਿਆ ਜਾਂਦਾ ਹੈ। ਕੁਝ ਮਾਮਲਿਆਂ ਵਿੱਚ, ਵਰਕਰਾਂ ਦੇ ਅਧਿਕਾਰਾਂ ਦਾ ਦਾਅਵਾ ਕਰਨ ਦੇ ਹੌਂਸਲੇ ਨੂੰ ਢਾਹੁਣ ਲਈ ਨੌਕਰੀਦਾਤਾ ਇਮੀਗ੍ਰੇਸ਼ਨ-ਸਥਿਤੀ ਦੀ ਦੁਰਵਰਤੋਂ ਕਰ ਸਕਦੇ ਹਨ। ਅਮਰੀਕੀ ਕਾਨੂੰਨ ਆਮਤੌਰ ਤੇ ਵਰਕਰਾਂ ਦੀ ਇਮੀਗ੍ਰੇਸ਼ਨ-ਸਥਿਤੀ ਨੂੰ ਧਿਆਨ ਵਿਚ ਰੱਖੇ ਬਿਨਾ ਨੋਕਰੀਦਾਤਾਵਾਂਨੂੰ  ਰੋਕਦੇ ਹਨ ਕਿ ਉਹ ਵਰਕਰਾਂ ਨੂੰ ਕੰਮ ਵਾਲੀ ਥਾਂ ਤੇ ਮਿਲੇ ਉਹਨਾਂ ਦੇ ਅਧਿਕਾਰਾਂ ਦੀ ਵਰਤੋਂ ਲਈ ਉਹਨਾਂ ਦੇ ਖਿਲਾਫ਼ ਜਵਾਬੀ-ਬਦਲਾ ਨਾ ਲੈਣ। ਕਿਰਤ ਅਤੇ ਰੋਜ਼ਗਾਰ ਕਾਨੂੰਨਾਂ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਵਾਸਤੇ ਇਹ ਲੋੜ ਹੈ ਕਿ ਲਾਗੂ ਕਰਨ ਦਾ ਅਮਲ ਅਜਿਹੀਆਂ ਧਿਰਾਂ ਵਲੋਂ ਅਢੁਕਵੇਂ ਜੋੜ-ਤੋੜ ਤੋਂ ਬਚੀਆਂ ਰਹਿਣ, ਜੋ  ਵਰਕਰਾਂ ਨੂੰ ਉਹਨਾਂ ਦੇ ਅਧਿਕਾਰਾਂ ਨੂੰ ਵਰਤਣ ਤੋਂ ਰੋਕਦੀਆਂ ਹਨ ਜਾਂ ਜਦੋਂ ਉਹ ਵਰਤਦੇ ਹਨ, ਤਾਂ ਉਹਨਾਂ ਦੇ ਖਿਲਾਫ਼ ਜਵਾਬੀ-ਬਦਲਾ ਲੈਂਦੀਆਂ ਹਨ। ਇਹ ਤੱਥ-ਸ਼ੀਟ ਸਪਸ਼ਟ ਕਰਦੀ ਹੈ ਕਿ ਵਰਕਰਾਂ ਦੀ ਇਮੀਗ੍ਰੇਸ਼ਨ ਸਥਿਤੀ ਨੂੰ ਧਿਆਨ ਵਿਚ ਰੱਖੇ ਬਿਨਾ, ਕੰਮ ਵਾਲੀ ਥਾਂ ਤੇ ਮਿਲੇ ਅਧਿਕਾਰਾਂ ਦਾ ਦਾਅਵਾ ਕਰਦੇ ਵਰਕਰਾਂ ਦੇ ਖਿਲਾਫ਼ ਜਵਾਬੀ-ਬਦਲਾ ਲੈਣਾ ਗੈਰਕਾਨੂੰਨੀ ਹੈ।

**ਨਿਰਪੱਖ ਕਿਰਤ ਮਿਆਰਾਂ ਬਾਰੇ ਕਾਨੂੰਨ (Fair Labor Standards Act) ਤਹਿਤ ਜਵਾਬੀ-ਬਦਲਾ**

ਨਿਰਪੱਖ ਕਿਰਤ ਮਿਆਰਾਂ ਬਾਰੇ ਕਾਨੂੰਨ (FLSA) ਅਮਰੀਕਾ ਵਿਚਲੇ ਕਈ ਵਰਕਰਾਂ ਲਈ ਘੱਟੋ-ਘੱਟ ਉਜਰਤਾਂ ਅਤੇ ਓਵਰਟਾਈਮ ਸਬੰਧੀ ਸੁਰੱਖਿਆ ਤਿਆਰ  ਕਰਦਾ ਹੈ, ਅਤੇ ਇਸ ਨੂੰ ਅਮਰੀਕੀ ਕਿਰਤ ਵਿਭਾਗ (U.S. Department of Labor) ਦੀ ਉਜਰਤਾਂ ਅਤੇ ਕੰਮ ਦੇ ਸਮਿਆਂ ਬਾਰੇ ਡਿਵੀਜ਼ਨ (Wage and Hour Division) ਵਲੋਂ ਲਾਗੂ ਕੀਤਾ ਜਾਂਦਾ ਹੈ।  FLSA ਅਜਿਹੇ ਕਿਸੇ ਵਿਅਕਤੀ ਦੇ ਖਿਲਾਫ਼ ਜਵਾਬੀ-ਬਦਲੇ ਤੋਂ ਵੀ ਮਨ੍ਹਾ ਕਰਦਾ ਹੈ, ਜਿਸਨੇ ਵਿਭਾਗ ਜਾਂ ਕਿਸੇ ਨੋਕਰੀਦਾਤਾ (ਜ਼ਬਾਨੀ ਜਾਂ ਲਿਖਤ ਵਿੱਚ) ਕੋਲ ਸ਼ਿਕਾਇਤ ਦਾਇਰ ਕੀਤੀ ਹੈ ਜਾਂ FLSA ਜਾਂਚ-ਪੜਤਾਲ ਵਿੱਚ ਸਹਿਯੋਗ ਦਿੱਤਾ ਹੈ। ਵਰਕਰਾਂ ਨੂੰ ਜਵਾਬੀ-ਬਦਲੇ ਤੋਂ ਬਚਾਉਣਾ ਅਤੇ ਇਹ ਯਕੀਨੀ ਬਣਾਉਣਾ ਕਿ ਉਹ ਆਪਣੇ ਅਧਿਕਾਰਾਂ ਨੂੰ ਵਰਤਣ ਲਈ ਧਮਕੀਆਂ ਜਾਂ ਡਰ ਦਾ ਸਾਮ੍ਹਣਾ ਨਹੀਂ ਕਰਦੇ, ਉਜਰਤਾਂ ਅਤੇ ਕੰਮ ਦੇ ਸਮਿਆਂ ਬਾਰੇ ਡਿਵੀਜ਼ਨ ਲਈ ਇੱਕ ਮਹੱਤਵਪੂਰਣ ਤਰਜੀਹ ਹੈ।

ਜਿਹੜੇ ਵਰਕਰਾਂ ਕੋਲ ਕੰਮ ਕਰਨ ਦਾ ਅਖ਼ਤਿਆਰ ਨਹੀਂ ਹੁੰਦਾ, ਉਹ FLSA  ਤਹਿਤ ਹੋਰ ਵਰਕਰਾਂ ਵਾਂਗ ਉਸੀ ਮਾਤਰਾ ਤੱਕ ਕੰਮ ਕੀਤੇ ਗਏ ਘੰਟਿਆਂ ਲਈ ਘੱਟੋ-ਘੱਟ ਉਜਰਤਾਂ ਅਤੇ ਓਵਰਟਾਈਮ ਦੇ ਦਾਅਵਿਆਂ ਦੇ  ਹੱਕਦਾਰ ਹੁੰਦੇ ਹਨ। ਇਹ ਗੈਰਕਾਨੂੰਨੀ ਹੁੰਦਾ ਹੈ, ਜੇ ਕੋਈ ਮਾਲਕ ਘੱਟੋ-ਘੱਟ ਉਜਰਤਾਂ ਜਾਂ ਓਵਰਟਾਈਮ ਦੇ ਦਾਅਵਿਆਂ (ਜਿਸ ਵਿੱਚ ਕਟੌਤੀਆਂ ਜਾਂ ਬਖ਼ਸ਼ੀਸ਼ਾਂ ਜਿਹੇ ਤਨਖ਼ਾਹ ਦੇ ਮੁੱਦੇ ਸ਼ਾਮਲ ਹੋ ਸਕਦੇ ਹਨ) ਲਈ ਜਾਂ FLSA ਜਾਂਚ-ਪੜਤਾਲ  ਨਾਲ ਸਹਿਯੋਗ ਦੇਣ ਦੇ ਜਵਾਬੀ-ਬਦਲੇ ਵਿੱਚ ਮਜ਼ਦੂਰਾਂ ਨੂੰ ਬਰਖ਼ਾਸਤ ਕਰੇ ਜਾਂ ਉਹਨਾਂ ਦੇ ਖਿਲਾਫ਼ ਪੱਖਪਾਤ ਕਰੇ। ਇਹ ਸੁਰੱਖਿਆਵਾਂ ਇਮੀਗ੍ਰੇਸ਼ਨ ਸਥਿਤੀ ਨੂੰ ਧਿਆਨ ਵਿਚ ਰੱਖੇ ਬਿਨਾ ਲਾਗੂ ਹੁੰਦੀਆਂ ਹਨ। ਮਿਸਾਲ ਦੇ ਤੌਰ ਤੇ, ਇਹ ਗੈਰਕਾਨੂੰਨੀ ਹੋਵੇਗਾ, ਜੇ ਕੋਈ ਮਾਲਕ ਉਜਰਤਾਂ ਦਾ ਦਾਅਵਾ ਦਾਇਰ ਕਰਨ ਦੇ ਜਵਾਬੀ-ਬਦਲੇ ਵਿੱਚ ਜ਼ਰੂਰੀ ਦਸਤਾਵੇਜਾਂ ਤੋਂ ਬਿਨਾ ਕੰਮ

ਕਰਨ ਵਾਲੇ ਵਰਕਰ (ਅਮਰੀਕਾ ਵਿੱਚ ਪੈਦਾ ਹੋਇਆ ਵਿਅਕਤੀ, ਜਿਸ ਕੋਲ ਇੱਥੇ ਰਹਿਣ ਦਾ ਅਧਿਕਾਰ ਨਹੀਂ ਹੈ) ਦੀ ਜਾਣਕਾਰੀ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਦਏ I ਕੰਮ ਕਰਨ ਦਾ ਅਖ਼ਤਿਆਰ ਨਾ ਹੋਣ ਵਾਲੇ ਵਰਕਰਾਂ ਲਈ ਜਵਾਬੀ-ਬਦਲੇ ਦੀ ਦੁਰਵਰਤੋਂ ਨੂੰ ਠੀਕ ਕਰਨ ਦੇ ਕੁਝ ਢੰਗ-ਤਰੀਕੇਸੀਮਤ ਹੋ ਸਕਦੇ ਹਨ।

ਵਾਧੂ ਜਾਣਕਾਰੀ ਲਈ, ਕਿਰਪਾ ਕਰਕੇ ਉਜਰਤਾਂ ਅਤੇ ਕੰਮ ਦੇ ਸਮਿਆਂ ਬਾਰੇ ਡਿਵੀਜ਼ਨ*ਤੱਥ ਸ਼ੀਟ# 77A ਦੇਖੋ: FLSA ਦੇ ਤਹਿਤ ਜਵਾਬੀ-ਬਦਲੇ ਤੋਂ ਮਨ੍ਹਾ ਕਰਨਾ* ਜਾਂ ਉਜਰਤਾਂ ਅਤੇ ਕੰਮ ਦੇ ਸਮਿਆਂ ਬਾਰੇ ਡਿਵੀਜ਼ਨ ਦੀ ਵੈਬਸਾਈਟ: http://www.wagehour.dol.gov ਤੇ ਜਾਓ। ਉਜਰਤਾਂ ਦੀ ਦੁਰਵਰਤੋਂ ਜਾਂ ਜਵਾਬੀ-ਬਦਲੇ ਨਾਲ ਸਬੰਧਤ ਕਿਸੇ ਸ਼ਿਕਾਇਤ ਨੂੰ ਦਾਇਰ ਕਰਨ ਲਈ, ਟੋਲ-ਫ੍ਰੀ ਜਾਣਕਾਰੀ ਅਤੇ ਹੈਲਪਲਾਈਨ, ਜੋ ਤੁਹਾਡੇ ਟਾਈਮਜ਼ੋਨ 1-866-4USWAGE (1-866-487-9243) ਵਿੱਚ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਉਪਲਬਧ ਹੁੰਦੀ ਹੈ, ਤੇ ਕਾੱਲ ਕਰੋ। ਭਾਸ਼ਾ ਸੇਵਾਵਾਂ ਉਪਲਬਧ ਹਨ ਅਤੇ ਕਾੱਲਸ ਗੁਪਤ ਹੁੰਦੀਆਂ ਹਨ।

## ਕਾਰਵਿਹਾਰੀ ਸੁਰੱਖਿਆ ਅਤੇ ਸਿਹਤ ਪ੍ਰਸ਼ਾਸਨ (Occupational Safety and Health Administration) ਵਲੋਂ ਲਾਗੂ ਕਾਨੂੰਨਾਂ ਦੇ ਤਹਿਤ ਜਵਾਬੀ-ਬਦਲਾ

ਅਮਰੀਕੀ ਕਿਰਤ ਵਿਭਾਗ ਦਾ ਕਾਰਵਿਹਾਰੀ ਸੁਰੱਖਿਆ ਅਤੇ ਸਿਹਤ ਪ੍ਰਸ਼ਾਸਨ (Occupational Safety and Health Administration-OSHA), ਕਾਰਵਿਹਾਰੀ ਸੁਰੱਖਿਆ ਅਤੇ ਸਿਹਤ (Occupational Safety and Health-OSH) ਕਾਨੂੰਨ ਤਹਿਤ ਕੰਮ ਵਾਲੀ ਥਾਂ ਦੀ ਸੁਰੱਖਿਆ ਅਤੇ ਸਿਹਤ ਮਿਆਰਾਂ ਅਤੇ ਨੇਮਾਂ ਅਤੇ ਵਰਕਰ ਦੇ ਹੋਰਨਾਂ ਅਧਿਕਾਰਾਂ ਨੂੰ ਲਾਗੂ ਕਰਦਾ ਹੈ। OSH ਕਾਨੂੰਨ ਨੌਕਰੀਦਾਤਾਵਾਂ ਨੂੰ ਰੋਕਦਾ ਹੈ ਕਿ OSH ਕਾਨੂੰਨ ਤਹਿਤ ਕਰਮਚਾਰੀਆਂ ਵਲੋਂ ਆਪਣੇ ਅਧਿਕਾਰਾਂ ਨੂੰ ਵਰਤਣ ਲਈ ਉਹਨਾਂ ਦੇ ਖਿਲਾਫ਼ ਕੋਈ ਜਵਾਬੀ ਬਦਲਾ ਨਾ ਲੈਣ। ਇਹਨਾਂ ਅਧਿਕਾਰਾਂ ਵਿੱਚ OSHA ਸ਼ਿਕਾਇਤ ਦਾਇਰ ਕਰਨਾ, ਕਿਸੇ ਮੁਆਇਨੇ ਵਿੱਚ ਹਿੱਸਾ ਲੈਣਾ ਜਾਂ ਕਿਸੇ ਇੰਸਪੈਕਟਰ ਨਾਲ ਗੱਲ ਕਰਨਾ, ਨੌਕਰੀਦਾਤਾ ਦੇ ਪੱਖ ਅਤੇ ਸੱਟ ਦੇ ਰਿਕਾਰਡਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਨਾ, ਕਿਸੇ ਸੱਟ ਦੀ ਸੂਚਨਾ ਦੇਣਾ, ਅਤੇ ਨੌਕਰੀਦਾਤਾ ਨੂੰ ਸੁਰੱਖਿਆ ਜਾਂ ਸਿਹਤ ਸ਼ਿਕਾਇਤ ਦੇਣਾ ਸ਼ਾਮਲ ਹੁੰਦਾ ਹੈ। ਇਹ ਗੈਰਕਾਨੂੰਨੀ ਹੈ, ਜੇ ਕੋਈ ਨੌਕਰੀਦਾਤਾ ਇਮੀਗ੍ਰੇਸ਼ਨ-ਸਥਿਤੀ ਨੂੰ ਧਿਆਨ ਵਿਚ ਰੱਖੇ ਬਿਨਾ, OSH ਕਾਨੂੰਨ ਦੇ ਦਾਅਵਿਆਂ ਨੂੰ ਜਤਾਉਣ ਜਾਂ OSHA ਜਾਂਚ-ਪੜਤਾਲ ਦੇ ਨਾਲ ਸਹਿਯੋਗ ਦੇਣ ਦੇ ਜਵਾਬੀ-ਬਦਲੇ ਵਿੱਚ ਵਰਕਰਾਂ ਨੂੰ ਬਰਖ਼ਾਸਤ ਕਰੇ। ਇਸ ਤੋਂ ਅਲਾਵਾ, OSHA ਅਜਿਹੇ ਕਰਮਚਾਰੀਆਂ ਦੀ ਰੱਖਿਆ ਕਰ ਰਹੇ 21 ਹੋਰ ਕਾਨੂੰਨਾਂ ਦੇ ਬਚਾਅਕਾਰੀ ਪ੍ਰਬੰਧਾਂ ਨੂੰ ਲਾਗੂ ਕਰਦਾ ਹੈ, ਜੋ ਵਾਤਾਵਰਨ ਅਤੇ ਪਰਮਾਣੂ ਸੁਰੱਖਿਆ ਸਬੰਧੀ, ਟ੍ਰਾਂਸਪੋਰਟੇਸ਼ਨ ਸਨੱਅਤ ਦੇ ਨਾਲ-ਨਾਲ ਖਪਤਕਾਰ ਅਤੇ ਪੂੰਜੀਕਾਰ ਦੀ ਸੁਰੱਖਿਆਵਾਂ ਦੀ ਦੁਰਵਰਤੋਂ ਦੀ ਜਾਣਕਾਰੀ ਦਿੰਦੇ ਹਨ। ਜਿਹੜੇ ਵਰਕਰਾਂ ਨੂੰ ਕੰਮ ਕਰਨ ਦਾ ਅਖ਼ਤਿਆਰ ਨਹੀਂ ਹੁੰਦਾ, ਉਹਨਾਂ ਦੀ OSHA ਵਲੋਂ ਲਾਗੂ ਕੀਤੇ ਜਵਾਬੀ-ਬਦਲੇ ਤੋਂ ਬਚਾਉਣ ਵਾਲੇ ਪ੍ਰਬੰਧਾਂ ਤਹਿਤ ਰੱਖਿਆ ਕੀਤੀ ਜਾਂਦੀ ਹੈ, ਭਾਵੇਂ ਕਿ ਉਹਨਾਂ ਲਈ ਉਪਲਬਧ ਤਦਬੀਰਾਂ ਦੀਆਂ ਕੁਝ ਸੀਮਾਵਾਂ ਹੋ ਸਕਦੀਆਂ ਹਨ।

ਵਾਧੂ ਜਾਣਕਾਰੀ ਲਈ, ਕਿਰਪਾ ਕਰਕੇ OSHA ਵੈਬਸਾਈਟ ਤੇ ਜਾਓ:
http://www.whistleblowers.gov(http://www.whistleblowers.gov/index_sp.html ਤੇ ਸਪੇਨੀ ਭਾਸ਼ਾ ਵਿੱਚ ਵੀ ਉਪਲਬਧ ਹੈ)। ਕੰਮ ਵਾਲੀ ਥਾਂ ਦੀ ਸੁਰੱਖਿਆ ਸਬੰਧੀ ਸ਼ਿਕਾਇਤ ਦਾਇਰ ਕਰਨ ਲਈ, ਕਿਰਪਾ ਕਰਕੇ ਇੱਥੇ ਜਾਓ: http://www.osha.gov/pls/osha7/eComplaintForm.html (http://www.osha.gov/pls/osha7/ecomplaintform_sp.html ਤੇ ਸਪੇਨੀ ਭਾਸ਼ਾ ਵਿੱਚ ਵੀ ਉਪਲਬਧ ਹੈ); ਜਵਾਬੀ-ਬਦਲੇ ਸਬੰਧੀ ਸ਼ਿਕਾਇਤ ਦਾਇਰ ਕਰਨ ਲਈ, ਕਿਰਪਾ ਕਰਕੇ ਇੱਥੇ ਜਾਓ: http://www.whistleblowers.gov/complaint_page.html (http://www.whistleblowers.gov/complaint_page_sp.html ਤੇ ਸਪੇਨੀ ਭਾਸ਼ਾ ਵਿੱਚ ਵੀ ਉਪਲਬਧ ਹੈ)।

## ਫ਼ੈਡਰਲ ਇਕਰਾਰਨਾਮਾ ਪਾਲਣਾ ਪ੍ਰੋਗਰਾਮਾਂ ਬਾਰੇ ਕਿਰਤ ਵਿਭਾਗ ਦੇ ਦਫ਼ਤਰ (Department of Labor's Office of Federal Contract Compliance Programs) ਵਲੋਂ ਲਾਗੂ ਰੋਜ਼ਗਾਰ ਦੇ ਇਕੋ ਦਿਹੇ ਮੌਕੇ ਦੇਣ ਦੇ ਕਾਨੂੰਨਾਂ ਤਹਿਤ ਫ਼ੈਡਰਲ ਠੇਕੇਦਾਰਾਂ ਵਲੋਂ ਜਵਾਬੀ-ਬਦਲਾ

ਫ਼ੈਡਰਲ ਇਕਰਾਰਨਾਮਾ ਪਾਲਣਾ ਪ੍ਰੋਗਰਾਮਾਂ ਬਾਰੇ ਦਫ਼ਤਰ (Office of Federal Contract Compliance Programs-OFCCP) ਅਜਿਹੇ ਕਾਨੂੰਨ ਲਾਗੂ ਕਰਦਾ ਹੈ, ਜੋ ਫ਼ੈਡਰਲਠੇਕੇਦਾਰਾਂ ਵਲੋਂ (ਫ਼ੈਡਰਲ ਸਰਕਾਰ ਨਾਲ ਵਪਾਰ ਕਰ ਰਹੀਆਂ ਕੰਪਨੀਆਂ) ਜਾਤ, ਰੰਗ, ਧਰਮ, ਲਿੰਗ (ਗਰਭਾਵਸਥਾ ਅਤੇ ਇਸ ਨਾਲ ਸਬੰਧਤ ਮੈਡੀਕਲ ਸਥਿਤੀਆਂ ਸਮੇਤ), ਲਿੰਗ ਪਛਾਣ (ਦੁਲਿੰਗੀ ਸਥਿਤੀ ਸਮੇਤ), ਜਿਣਸੀ ਰੁਝਾਨ, ਰਾਸ਼ਟਰੀ ਮੂਲ, ਸੁਰੱਖਿਅਤ ਵੈਟਰਨ ਦੇ ਤੌਰ ਤੇ ਅਯੋਗਤਾ ਜਾਂ ਸਥਿਤੀ ਦੇ ਆਧਾਰ ਤੇ ਰੋਜ਼ਗਾਰ ਪੱਖਪਾਤ ਨੂੰ ਰੋਕਦੇ ਹਨ। OFCCP ਵਲੋਂ ਲਾਗੂ ਕੀਤੇ ਗਏ ਇਹ ਸਾਰੇ ਕਾਨੂੰਨ ਲੋਕਾਂ (ਬਿਨੈਕਾਰ, ਕਰਮਚਾਰੀ, ਜਾਂ ਪੁਰਾਣੇ ਕਰਮਚਾਰੀ) ਨੂੰ ਨੌਕਰੀ ਤੋਂ ਕੱਢਣਾ, ਉਹਨਾਂ ਦੇ ਅਹੁਦੇ ਨੂੰ ਘਟਾਉਣਾ, ਤੰਗ-ਪਰੇਸ਼ਾਨ ਕਰਨਾ ਜਾਂ ਹੋਰ ਤਰੀਕਿਆਂ ਨਾਲ ਜਵਾਬੀ-ਬਦਲਾ ਲੈਣ ਨੂੰ ਗੈਰਕਾਨੂੰਨੀ ਬਣਾਉਂਦੇ ਹਨ, ਕਿਉਂਕਿ ਉਹਨਾਂ ਨੇ OFCCP ਦੇ ਨਾਲ ਪੱਖਪਾਤ ਦੀਆਂ ਸ਼ਿਕਾਇਤਾਂ ਦਾਇਰ ਕੀਤੀਆਂ ਸਨ, ਕਿਉਂਕਿ ਉਹਨਾਂ ਨੇ ਨੌਕਰੀ ਤੇ ਪੱਖਪਾਤ ਬਾਰੇ ਆਪਣੇ ਨੌਕਰੀਦਾਤਾਵਾਂ ਜਾਂ ਹੋਰ ਵਿਅਕਤੀਆਂ ਦੀਆਂ ਸ਼ਿਕਾਇਤਾਂ ਦਾਇਰ ਕੀਤੀਆਂ ਸਨ, ਜਾਂ ਕਿਉਂਕਿ ਉਹਨਾਂ ਨੇ OFCCP ਵਲੋਂ ਲਾਗੂ ਕੀਤੇ ਕਾਨੂੰਨਾਂ ਦੇ ਪ੍ਰਬੰਧ ਨਾਲ ਸਬੰਧਤ ਕਿਸੇ ਸਰਗਰਮੀ (ਜਿਵੇਂ ਕਿ ਕਿਸੇ ਸ਼ਿਕਾਇਤ ਦੀ ਜਾਂਚ-ਪੜਤਾਲ ਜਾਂ ਠੇਕੇਦਾਰ ਦੀ ਪਾਲਣਾ ਦਾ ਮੁਲਾਂਕਣ) ਜਾਂ ਕਿਸੇ ਹੋਰ ਫ਼ੈਡਰਲ, ਸਟੇਟ ਜਾਂ ਰੋਜ਼ਗਾਰ ਦੇ ਇਕੋ ਜਿਹੇ ਮੌਕੇ ਦੇਣ ਦੀ ਲੋੜ ਬਾਰੇ ਸਥਾਨਕ ਕਾਨੂੰਨ ਦੇ ਪ੍ਰਬੰਧ ਨਾਲ ਸਬੰਧਤ ਕਿਸੇ ਸਰਗਰਮੀ ਵਿੱਚ ਭਾਗੀਦਾਰੀ ਕੀਤੀ ਸੀ। OFCCP ਵਲੋਂ ਲਾਗੂ ਕਾਨੂੰਨਾਂ ਤਹਿਤ ਗੈਰਕਾਨੂੰਨੀ ਜਵਾਬੀ-ਬਦਲੇ ਵਿੱਚ ਅਜਿਹਾ ਕੋਈ ਵਿਹਾਰ ਸ਼ਾਮਲ ਹੋ ਸਕਦਾ ਹੈ, ਜੋ ਸ਼ਾਇਦ ਕਿਸੇ ਢੁਕਵੇਂ ਵਰਕਰ ਨੂੰ ਪੱਖਪਾਤ ਦੀ ਸ਼ਿਕਾਇਤ ਕਰਨ ਤੋਂ ਰੋਕ ਦਏ। ਇਹ ਕਾਨੂੰਨ ਹਰ ਵਿਅਕਤੀ ਦੀ ਇਮੀਗ੍ਰੇਸ਼ਨ ਸਥਿਤੀ ਨੂੰ ਧਿਆਨ ਵਿਚ ਰੱਖੇ ਬਿਨਾ, ਹਰ ਕਿਸੇ ਤੇ ਲਾਗੂ ਹੁੰਦੇ ਹਨ, ਭਾਵੇਂ ਕਿ ਕੰਮ ਕਰਨ ਦਾ ਅਖ਼ਤਿਆਰ ਪ੍ਰਾਪਤ ਨਾ ਹੋਣ ਵਾਲੇ ਵਰਕਰਾਂ ਲਈ ਕੁਝ ਤਦਬੀਰਾਂ ਸੀਮਿਤ ਹੋ ਸਕਦੀਆਂ ਹਨ।

ਵਾਧੂ ਜਾਣਕਾਰੀ ਲਈ, ਕਿਰਪਾ ਕਰਕੇ OFCCP ਵੈਬਸਾਈਟ: http://www.dol.gov/ofccp ਤੇ ਜਾਓ ਜਾਂ 1-800-397-6251 ਤੇ ਟੋਲ-ਫ੍ਰੀ ਹੈਲਪ ਡੈਸਕ ਲਾਈਨ ਨੂੰ ਕਾੱਲ ਕਰੋ। ਪੱਖਪਾਤ ਜਾਂ ਜਵਾਬੀ-ਬਦਲੇ ਦੀ ਸ਼ਿਕਾਇਤ ਦਾਇਰ ਕਰਨ ਲਈ, OFCCP ਵੈਬਸਾਈਟ ਤੇ ਕਈ ਭਾਸ਼ਾਵਾਂ ਵਿੱਚ ਉਪਲਬਧ ਸ਼ਿਕਾਇਤ ਸਬੰਧੀ ਫ਼ਾਰਮ ਭਰੋ।

## ਨਾਗਰਿਕ ਅਧਿਕਾਰਾਂ ਬਾਰੇ ਕਾਨੂੰਨ (Civil Rights Act), ਬਰਾਬਰ ਤਨਖ਼ਾਹ ਸਬੰਧੀ ਕਾਨੂੰਨ (Equal Pay Act), ਰੋਜ਼ਗਾਰ ਵਿੱਚ ਉਮਰ ਬਾਰੇ ਪੱਖਪਾਤ ਸਬੰਧੀ ਕਾਨੂੰਨ (Age Discrimination in Employment Act),ਅਯੋਗ ਅਮਰੀਕਾ ਵਾਸੀਆਂ ਲਈ ਕਾਨੂੰਨ (Americans with Disabilities Act), ਨਿਰਪੱਖ ਜੈਨੇਟਿਕ ਜਾਣਕਾਰੀ ਸਬੰਧੀ ਕਾਨੂੰਨ (Genetic Information Nondiscrimination Act) ਦੇ ਟਾਈਟਲ VII ਤਹਿਤ ਜਵਾਬੀ-ਬਦਲਾ

ਰੋਜ਼ਗਾਰ ਦੇ ਇਕੋ ਜਿਹੇ ਮੌਕੇ ਦੇਣ ਬਾਰੇ ਕਮੀਸ਼ਨ (Equal Employment Opportunity Commission-EEOC) ਅਜਿਹੇ ਕਾਨੂੰਨ ਲਾਗੂ ਕਰਦਾ ਹੈ, ਜੋ ਨੌਕਰੀਦਾਤਾਵਾਂ, ਰੋਜ਼ਗਾਰ ਏਜੰਸੀਆਂ, ਜਾਂ ਮਜ਼ਦੂਰ ਯੂਨੀਅਨ ਵਲੋਂ ਜਾਤ, ਰੰਗ, ਧਰਮ, ਲਿੰਗ (ਗਰਭਾਵਸਥਾ ਅਤੇ ਇਸ ਨਾਲ ਸਬੰਧਤ ਮੈਡੀਕਲ ਸਥਿਤੀਆਂ, ਲਿੰਗ ਪਛਾਣ (ਦੁਲਿੰਗੀ ਸਥਿਤੀ ਸਮੇਤ) ਅਤੇ ਜਿਣਸੀ ਰੁਝਾਨ ਸਮੇਤ), ਰਾਸ਼ਟਰੀ ਮੂਲ, ਉਮਰ (40 ਜਾਂ ਵੱਧ), ਅਯੋਗਤਾ ਜਾਂ ਜੈਨੇਟਿਕ ਜਾਣਕਾਰੀ ਦੇ ਆਧਾਰ ਤੇ ਰੋਜ਼ਗਾਰ ਸਬੰਧੀ ਪੱਖਪਾਤ ਨੂੰ ਰੋਕਦੇ ਹਨ। EEOC ਵਲੋਂ ਲਾਗੂ ਕੀਤੇ ਇਹ ਸਾਰੇ ਕਾਨੂੰਨ ਲੋਕਾਂ (ਬਿਨੈਕਾਰਾਂ, ਕਰਮਚਾਰੀਆਂ ਜਾਂ ਪੁਰਾਣੇ ਕਰਮਚਾਰੀਆਂ) ਨੂੰ ਨੌਕਰੀ ਤੋਂ ਕੱਢਣਾ, ਉਹਨਾਂ ਦੇ ਅਹੁਦੇ ਨੂੰ ਘਟਾਉਣਾ, ਤੰਗ-ਪਰੇਸ਼ਾਨ ਕਰਨਾ ਜਾਂ ਹੋਰ ਤਰੀਕੇ ਵਿੱਚ ਜਵਾਬੀ-ਬਦਲਾ ਲੈਣ ਨੂੰ ਗੈਰਕਾਨੂੰਨੀ ਬਣਾਉਂਦੇ ਹਨ, ਕਿਉਂਕਿ ਉਹਨਾਂ ਨੇ EEOC ਕੋਲ ਪੱਖਪਾਤ

ਦੀਆਂ ਸ਼ਿਕਾਇਤਾਂ ਦਾਇਰ ਕੀਤੀਆਂ ਸਨ, ਕਿਉਂਕਿ ਉਹਨਾਂ ਨੇ ਨੌਕਰੀ ਤੇ ਪੱਖਪਾਤ ਬਾਰੇ ਆਪਣੇ ਨੌਕਰੀਦਾਤਾਵਾਂ ਜਾਂ ਹੋਰ ਸ਼ਾਮਲ ਹਸਤੀਆਂ ਨੂੰ ਸ਼ਿਕਾਇਤ ਕੀਤੀ ਸੀ, ਜਾਂ ਕਿਉਂਕਿ ਉਹਨਾਂ ਨੇ ਰੋਜ਼ਗਾਰ ਵਿਚ ਪੱਖਪਾਤ ਸਬੰਧੀ ਮੁਕੱਦਮਿਆਂ (ਜਿਵੇਂ ਕਿ ਜਾਂਚ-ਪੜਤਾਲ ਜਾਂ ਕਾਨੂੰਨੀ ਮੁਕੱਦਮਾ) ਵਿੱਚ ਭਾਗੀਦਾਰੀ ਕੀਤੀ ਸੀ। EEOC ਵਲੋਂ ਲਾਗੂ ਕਾਨੂੰਨਾਂ ਤਹਿਤ ਗੈਰਕਾਨੂੰਨੀ ਜਵਾਬੀ-ਬਦਲੇ ਵਿੱਚ ਅਜਿਹਾ ਕੋਈ ਵਿਹਾਰ ਸ਼ਾਮਲ ਹੋ ਸਕਦਾ ਹੈ, ਜੋ ਸ਼ਾਇਦ ਕਿਸੇ ਉਚਿਤ ਵਰਕਰ ਨੂੰ ਪੱਖਪਾਤ ਦੀ ਸ਼ਿਕਾਇਤ ਕਰਨ ਤੋਂ ਰੋਕ ਦਏ। ਇਹ ਕਾਨੂੰਨ ਹਰ ਵਿਅਕਤੀ ਦੀ ਇਮੀਗ੍ਰੇਸ਼ਨ ਸਥਿਤੀ ਨੂੰ ਧਿਆਨ ਵਿਚ ਰੱਖੇ ਬਿਨਾ, ਹਰ ਕਿਸੇ ਤੇ ਲਾਗੂ ਹੁੰਦੇ ਹਨ, ਭਾਵੇਂ ਕਿ ਕੰਮ ਕਰਨ ਦਾ ਅਖ਼ਤਿਆਰ ਪ੍ਰਾਪਤ ਨਾ ਹੋਏ, ਲਈ ਵਰਕਰਾਂ ਲਈ ਕੁਝ ਤਦਬੀਰਾਂ ਸੀਮਤ ਹੋ ਸਕਦੀਆਂ ਹਨ।

ਵਾਧੂ ਜਾਣਕਾਰੀ ਲਈ, ਕਿਰਪਾ ਕਰਕੇ EEOC ਵੈਬਸਾਈਟ: http://www.eeoc.gov ਤੇ ਜਾਓ। ਪੱਖਪਾਤ ਜਾਂ ਜਵਾਬੀ-ਬਦਲੇ ਦੇ ਇਲਜ਼ਾਮ ਨੂੰ ਦਾਇਰ ਕਰਨ ਲਈ, ਤੁਹਾਨੂੰ ਆਪਣੇ ਨਜ਼ਦੀਕੀ EEOC ਦਫ਼ਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਾਂ 1-800-669-4000 ਤੇ ਕਾੱਲ ਕਰਨੀ ਚਾਹੀਦੀ ਹੈ। ਇਸ ਤੋਂ ਅਲਾਵਾ, ਤੁਸੀਂ http://www.eeoc.gov/employees/howtofile.cfm ਤੇ ਔਨਲਾਈਨ ਮੁਲਾਂਕਣ ਪੂਰਾ ਕਰ ਸਕਦੇ ਹੋ।

**ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ (National Labor Relations Act) ਤਹਿਤ ਜਵਾਬੀ-ਬਦਲਾ**

ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ (National Labor Relations Board- NLRB), ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ (National Labor Relations Act-NLRA) ਨੂੰ ਲਾਗੂ ਕਰਦੀ ਹੈ, ਜੋ ਪ੍ਰਾਈਵੇਟ-ਸੈਕਟਰ ਦੇ ਜ਼ਿਆਦਾਤਰ ਵਰਕਰਾਂ ਦੀ ਕਿਸੇ ਮਜ਼ਦੂਰ ਯੂਨੀਅਨ ਬਣਾਉਣ, ਇਸ ਨਾਲ ਜੁੜਨ, ਇਸਦੀ ਪ੍ਰਮਾਣਿਕਤਾ ਰੱਦ ਕਰਨ, ਜਾਂ ਇਸਦੀ ਸਹਾਇਤਾ ਕਰਨ, ਅਤੇ ਆਪਣੇ ਚੁਣੇ ਹੋਏ ਨੁਮਾਇੰਦਿਆਂ ਵਲੋਂ ਸਮੁੱਚੇ ਤੌਰ ਤੇ ਸੌਦੇਬਾਜ਼ੀ ਕਰਨ, ਜਾਂ ਅਜਿਹੀਆਂ ਸਰਗਰਮੀਆਂ ਤੋਂ ਦੂਰ ਰਹਿਣ ਦੇ ਅਧਿਕਾਰਾਂ ਦੀ ਰੱਖਿਆ ਕਰਦੇ ਹਨ। ਕਰਮਚਾਰੀ ਕਿਸੇ ਯੂਨੀਅਨ ਤੋਂ ਬਿਨਾਂ ਰੋਜ਼ਗਾਰ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਸੁਧਾਰਨ ਲਈ ਵੀ ਇੱਕ-ਦੂਜੇ ਨਾਲ ਮਿਲਕੇ ਕੰਮ ਕਰ ਸਕਦੇ ਹਨ। ਕਾਨੂੰਨ ਨੌਕਰੀਦਾਤਾਵਾਂ ਨੂੰ ਰੋਕਦਾ ਹੈ ਕਿ ਕਰਮਚਾਰੀਆਂ ਦੇ ਨਾਲ ਸਮੁੱਚੇ ਤੌਰ ਤੇ ਸੌਦਬਾਜ਼ੀ ਕਰਨ ਲਈ ਕਿਸੇ ਮਜ਼ਦੂਰ ਯੂਨੀਅਨ ਨੂੰ ਬਣਾਉਣ, ਇਸ ਨਾਲ ਜੁੜਨ ਜਾਂ ਸਹਾਇਤਾ ਕਰਨ ਵਿੱਚ ਦਖ਼ਲ ਨਾ ਦੇਣ, ਜਾਂ ਰੋਜ਼ਗਾਰ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਸੁਧਾਰਨ ਲਈ ਇੱਕ ਦੂਜੇ ਨਾਲ ਮਿਲਕੇ ਕੰਮ ਕਰਨ ਤੋਂ, ਜਾਂ ਅਜਿਹੀ ਕਿਸੇ ਸਰਗਰਮੀ ਤੋਂ ਦੂਰ ਰਹਿਣ ਵਿੱਚ ਦਖ਼ਲ ਨਾ ਦੇਣ। ਇਸੇ ਤਰ੍ਹਾਂ, ਮਜ਼ਦੂਰ ਯੂਨੀਅਨ ਇਹਨਾਂ ਅਧਿਕਾਰਾਂ ਨੂੰ ਵਰਤਣ ਵਿੱਚ ਕਰਮਚਾਰੀਆਂ ਦੇ ਨਾਲ ਦਖ਼ਲ ਨਹੀਂ ਦੇ ਸਕਦੇ।

ਜਿਹੜੇ ਵਰਕਰਾਂ ਕੋਲ ਕੰਮ ਕਰਨ ਲਈ ਅਖ਼ਤਿਆਰ ਨਹੀਂ ਹੁੰਦਾ, ਉਹ ਜਵਾਬੀ-ਬਦਲੇ ਦੇ ਖਿਲਾਫ਼ ਰੱਖਿਆ ਸਮੇਤ NLRA ਦੀਆਂ ਸੁਰੱਖਿਆਵਾਂ ਰਾਹੀਂ ਬਚਾਏ ਜਾਂਦੇ ਹਨ। ਹਾਲਾਂਕਿ, ਕੰਮ ਕਰਨ ਲਈ ਅਖ਼ਤਿਆਰ ਪ੍ਰਾਪਤ ਨਾ ਹੋਣ ਵਾਲੇ ਕਰਮਚਾਰੀਆਂ ਲਈ ਬਹਾਲੀ ਅਤੇ ਬੈਕਪੇਅ (ਪਿਛਲੇ ਕੀਤੇ ਕੰਮ ਲਈ ਹੁਣ ਭੁਗਤਾਨ ਦੇਣਾ) ਕਾਨੂੰਨੀ ਵਸੀਲਿਆਂ ਦੇ ਤੌਰ ਤੇ ਉਪਲਬਧ ਨਹੀਂ ਹੁੰਦੇ। ਹੇਠਾਂ ਸੈਕਸ਼ਨ ਦੇਖੋ, *ਕੀ ਅਖ਼ਤਿਆਰ ਪ੍ਰਾਪਤ ਨਾ ਹੋਣ ਵਾਲੇਵਰਕਰ ਬੈਕਪੇਅ ਦੇ ਹੱਕਦਾਰ ਹੁੰਦੇ ਹਨ?*

ਵਾਧੂ ਜਾਣਕਾਰੀ ਲਈ, ਕਿਰਪਾ ਕਰਕੇ NLRB ਦੀ ਵੈਬਸਾਈਟ: http://www.nlrb.gov ਤੇ ਜਾਓ। ਕਿਸੇ ਕਰਮਚਾਰੀ ਜਾਂ ਮਜ਼ਦੂਰ ਯੂਨੀਅਨ ਦੇ ਖਿਲਾਫ਼ ਦੁਰਵਿਹਾਰ ਜਾਂ ਜਵਾਬੀ-ਬਦਲੇ ਬਾਰੇ ਕਿਸੇ ਇਲਜ਼ਾਮ ਨੂੰ ਦਾਇਰ ਕਰਨ ਲਈ, ਤੁਹਾਡੇ ਕੋਲ ਬਹੁਤ ਸਾਰੀਆਂ ਚੋਣਾਂ ਹੁੰਦੀਆਂ ਹਨ। ਤੁਸੀਂ 1-866 667-NLRB (6572) ਤੇ ਟੋਲ-ਫ੍ਰੀ ਜਾਣਕਾਰੀ ਲਾਈਨ ਨੂੰ ਕਾੱਲ ਕਰ ਸਕਦੇ ਹੋ, ਜੋ ਤੁਹਾਨੂੰ ਸਥਾਨਕ NLRB ਫੀਲਡ ਦਫ਼ਤਰ ਤੇ ਟ੍ਰਾਂਸਫਰ ਕਰ ਦਏਗੀ। ਤੁਸੀਂ NLRB ਫੀਲਡ ਦਫ਼ਤਰ ਦੇ ਨਿਯਮਿਤ ਵਪਾਰਕ ਘੰਟਿਆਂ ਦੇ ਦੌਰਾਨ ਇੱਥੇ ਜਾ ਵੀ ਸਕਦੇ ਹੋ ਜਾਂ ਸਥਾਨਕ NLRB ਫੀਲਡ ਦਫ਼ਤਰ ਨੂੰ ਡਾਕ ਰਾਹੀਂ ਇਲਜ਼ਾਮ ਭੇਜ ਸਕਦੇ ਹੋ। ਤੁਹਾਨੂੰ ਸੰਪਰਕ ਨੰਬਰ ਅਤੇ ਕੰਮ ਕਰਨ ਦੇ ਘੰਟਿਆਂ ਦੇ

ਨਾਲ NLRB ਫੀਲਡ ਦਫ਼ਤਰ ਦੀ ਡਾਇਰੈਕਟਰੀhttps://www.nlrb.gov/who-we-are/regional-offices ਤੇ, ਅਤੇ ਚਾਰਜ ਫਾਰਮ https://www.nlrb.gov/resources/forms ਤੇ ਮਿਲ ਸਕਦੇ ਹਨ। ਤੁਸੀਂ NLRB ਦੀ ਵੈਬਸਾਈਟ ਰਾਹੀਂ https://apps.nlrb.gov/eservice/efileterm.aspx?app=chargeandpetition ਤੇ ਕਿਸੇ ਇਲਜ਼ਾਮ ਨੂੰ ਈ-ਫਾਈਲ ਵੀ ਕਰ ਸਕਦੇ ਹੋ।

**ਇਮੀਗ੍ਰੇਸ਼ਨ ਅਤੇ ਨਾਗਰਿਕਤਾ ਬਾਰੇ ਕਾਨੂੰਨ (Immigration and Nationality Act) ਅਤੇ ਕੁਝ ਬਿਨਾ ਇਮੀਗ੍ਰੇਸ਼ਨ ਵਾਲੇ ਵੀਜ਼ਾ ਪ੍ਰੋਗਰਾਮਾਂ ਤਹਿਤ ਜਵਾਬੀ-ਬਦਲਾ**

ਅਮਰੀਕੀ ਨਿਆਂ ਵਿਭਾਗ (U.S. Department of Justice) ਦੀ ਨਾਗਰਿਕ ਅਧਿਕਾਰਾਂ ਬਾਰੇ ਡਿਵੀਜ਼ਨ ਵਿੱਚ ਇਮੀਗ੍ਰੇਸ਼ਨ-ਸਬੰਧੀ ਨਿਰਪੱਖ ਰੋਜ਼ਗਾਰ ਦੇ ਢੰਗ-ਤਰੀਕਿਆਂ ਲਈ ਵਿਸ਼ੇਸ਼ ਕਾਉਂਸਿਲ ਦਾ ਦਫ਼ਤਰ (Office of Special Counsel-OSC), ਇਮੀਗ੍ਰੇਸ਼ਨ ਅਤੇ ਨਾਗਰਿਕਤਾ ਕਾਨੂੰਨ (INA) ਦੇ ਨਿਰਪੱਖ ਪ੍ਰਬੰਧ ਨੂੰ ਲਾਗੂ ਕਰਦਾ ਹੈ। ਇਹ ਪ੍ਰਬੰਧ ਨੌਕਰੀਦਾਤਾਵਾਂ ਨੂੰ ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ ਦੇ ਆਧਾਰ ਤੇ ਨੌਕਰੀ ਤੇ ਰੱਖਣ, ਨੌਕਰੀ ਤੋਂ ਕੱਢਣ, ਜਾਂ ਭਰਤੀ ਕਰਨ ਜਾਂ ਫੀਸ ਦੇਕੇ ਹਵਾਲਾ ਦੇਣ ਵਿੱਚ ਪੱਖਪਾਤ ਕਰਨ ਤੋਂ; EEOC ਦੇ ਅਧਿਕਾਰ-ਖੇਤਰ ਤੋਂ ਬਾਹਰ ਆ ਰਹੇ ਨੌਕਰੀਦਾਤਾਵਾਂ ਵਲੋਂਰਾਸ਼ਟਰੀ ਮੂਲ ਦੇ ਆਧਾਰ ਤੇ ਨੌਕਰੀ ਤੇ ਰੱਖਣ, ਨੌਕਰੀ ਤੋਂ ਕੱਢਣ, ਜਾਂ ਭਰਤੀ ਕਰਨ ਜਾਂ ਰਾਸ਼ਟਰੀ ਮੂਲ ਦੇ ਆਧਾਰ ਉੱਤੇ ਫੀਸ ਦੇਕੇ ਹਵਾਲਾ ਦੇਣ ਵਿੱਚ ਪੱਖਪਾਤ ਕਰਨ ਤੋਂ; ਰਾਸ਼ਟਰੀ ਮੂਲ ਜਾਂ ਨਾਗਰਿਕਤਾ ਸਥਿਤੀ ਦੇ ਆਧਾਰ ਤੇ ਮਜ਼ਦੂਰ ਦੀ ਰੋਜ਼ਗਾਰ ਯੋਗਤਾ (ਫ਼ਾਰਮ I-9 ਅਤੇ E-ਤਸਦੀਕੀ ਅਮਲ) ਦੀ ਤਸਦੀਕ ਕਰਨ ਦੇ ਅਮਲ ਵਿੱਚ ਪੱਖਪਾਤ ਕਰਨ ਤੋਂ; ਅਤੇ ਅਜਿਹੇ ਕਿਸੇ ਵਿਅਕਤੀਆਂ ਦੇ ਖਿਲਾਫ਼ ਜਵਾਬੀ-ਬਦਲਾ ਜਾਂ ਧਮਕੀ ਦੇਣ ਤੋਂ ਰੋਕਦਾ ਹੈ, ਜੋ OSC ਦੇ ਕੋਲ ਇਲਜ਼ਾਮ ਦਾਇਰ ਕਰਦਾ ਹੈ, OSC ਦੀ ਜਾਂਚ-ਪੜਤਾਲ ਦੇ ਨਾਲ ਸਹਿਯੋਗ ਦਿੰਦਾ ਹੈ, ਕਾਨੂੰਨ ਦੀ ਦੁਰਵਰਤੋਂ ਕਰ ਸਕਣ ਵਾਲੀ ਕਾਰਵਾਈ ਦੇ ਨਾਲ ਲੜਦਾ ਹੈ, ਜਾਂ INA ਦੇ ਨਿਰਪੱਖ ਪ੍ਰਬੰਧਤਹਿਤ ਆਪਣੇ-ਆਪ ਜਾਂ ਦੂਜਿਆਂ ਦੀ ਖਾਤਿਰ ਅਧਿਕਾਰਾਂ ਦਾ ਦਾਅਵਾ ਕਰਦਾ ਹੈ।

ਵਾਧੂ ਜਾਣਕਾਰੀ ਲਈ, OSC ਦੀ ਵਰਕਰ ਦੀ ਹੌਟਲਾਈਨ ਨੂੰ 1-800-255-7688 ਤੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ, ਪੂਰਬੀ (ਘੱਟ ਸੁਣਾਈ ਦੇਣ ਵਾਲੇ ਵਿਅਕਤੀਆਂ ਲਈ TTY: 1-800-237-2515) ਤੇ ਕਾੱਲ ਕਰੋ। ਕਾੱਲ ਕਰਨ ਵਾਲੇ ਅਨਾਮ ਰਹਿ ਸਕਦੇ ਹਨ ਅਤੇ ਭਾਸ਼ਾ ਸੇਵਾਵਾਂ ਉਪਲਬਧ ਹੁੰਦੀਆਂ ਹਨ। ਤੁਸੀਂ OSC ਅਤੇ ਇਸ ਵਲੋਂ ਲਾਗੂ ਕੀਤੇ ਜਾਂਦੇ ਕਾਨੂੰਨ ਬਾਰੇ ਵਧੇਰੀ ਜਾਣਕਾਰੀ ਲਈ http://www.justice.gov/crt/about/osc ਤੇ ਵੀ ਜਾ ਸਕਦੇ ਹੋ। ਕਿਸੇ ਇਲਜ਼ਾਮ ਨੂੰ ਦਾਇਰ ਕਰਨ ਬਾਰੇ ਜਾਣਕਾਰੀ ਲਈ, http://www.justice.gov/crt/filing-charge ਤੇ ਜਾਓ।

ਕਿਰਤ ਦੀਆਂ ਉਜਰਤਾਂ ਅਤੇ ਕੰਮ ਦੇ ਸਮਿਆਂ ਬਾਰੇ ਵਿਭਾਗ ਦੀ ਡਿਵੀਜ਼ਨ (Department of Labor’s Wage and Hour Division) H-1B (ਉੱਚ ਕੁਸ਼ਲਤਾ ਵਾਲੇ ਅਸਥਾਈ ਵਰਕਰ), H-2A (ਖੇਤੀ ਕਰਨ ਵਾਲੇ ਅਸਥਾਈ ਵਰਕਰ), ਅਤੇ H-2B (ਖੇਤੀ ਨਾ ਕਰਨ ਵਾਲੇ ਅਸਥਾਈ ਵਰਕਰ) ਦੇ ਬਿਨਾ ਇਮੀਗ੍ਰੇਸ਼ਨ ਵਾਲੇਵੀਜ਼ਾ ਪ੍ਰੋਗਰਾਮਾਂ ਵਿੱਚ ਵਰਕਰ ਸੁਰੱਖਿਆਵਾਂ ਨੂੰ ਲਾਗੂ ਕਰਦਾ ਹੈ। H-2A ਵਰਕਰਾਂ ਅਤੇ H-2B ਵਰਕਰਾਂ ਦੇ ਨੌਕਰੀਦਾਤਾ ਆਮ ਤੌਰ ਤੇ ਅਜਿਹੇ ਕਿਸੇ ਵਿਅਕਤੀ ਨੂੰ ਡਰਾ, ਧਮਕਾ, ਦਬਾ ਨਹੀਂ ਸਕਦੇ, ਮਜਬੂਰ, ਬਲੈਕਲਿਸਟ ਨਹੀਂ ਕਰ ਸਕਦੇ, ਨੌਕਰੀ ਤੋਂ ਕੱਢ ਨਹੀਂ ਸਕਦੇ ਜਾਂ ਕਿਸੇ ਵੀ ਤਰੀਕੇ ਨਾਲ ਉਸਦੇ ਖਿਲਾਫ਼ ਪੱਖਪਾਤ ਨਹੀਂ ਕਰ ਸਕਦੇ, ਜਿਸਨੇ ਕੋਈ ਸ਼ਿਕਾਇਤ ਦਾਇਰ ਕੀਤੀ ਹੈ, ਕਿਸੇ ਮੁਕੱਦਮੇ ਵਿੱਚ ਗਵਾਹੀ ਦਿੱਤੀ ਹੈ ਜਾਂ ਗਵਾਹੀ ਦੇਣੀ ਹੈ, ਕਿਸੇ ਅਟਾੱਰਨੀ ਜਾਂ ਕਾਨੂੰਨੀ ਸਹਾਇਤਾ ਪ੍ਰੋਗਰਾਮ ਨਾਲ ਸਲਾਹ-ਮਸ਼ਵਰਾ ਕੀਤਾ ਹੈ, ਜਾਂ ਇਹਨਾਂ ਪ੍ਰੋਗਰਾਮਾਂ ਜਾਂ INA ਤਹਿਤ, ਆਪਣੇ-ਆਪ ਜਾਂ ਦੂਜਿਆਂ ਦੀ ਖਾਤਿਰ ਕਿਸੇ ਅਧਿਕਾਰ ਜਾਂ ਸੁਰੱਖਿਆ ਦੀ ਵਰਤੋਂ ਕੀਤੀ ਹੈ ਜਾਂ ਦਾਅਵਾ ਜਤਾਇਆ ਹੈ। ਨੌਕਰੀਦਾਤਾ ਅਜਿਹੇ H-1B ਵਰਕਰਾਂ ਦੇ ਖਿਲਾਫ਼ ਜਵਾਬੀ-ਬਦਲਾ ਨਹੀਂ ਲੈ

ਸਕਦੇ ਜਾਂ ਪੱਖਪਾਤ ਨਹੀਂ ਕਰ ਸਕਦੇ, ਜੋ ਦੁਰਵਰਤੋਂ ਦਾ ਖੁਲਾਸਾ ਕਰਦੇ ਹਨ ਜਾਂ ਪ੍ਰੋਗਰਾਮ ਵਿੱਚ ਨੌਕਰੀਦਾਤਾ ਵਲੋਂ ਪਾਲਣਾ ਸਬੰਧੀ ਮੁਕੱਦਮਿਆਂ ਵਿੱਚ ਸਹਿਯੋਗ ਦਿੰਦੇ ਹਨ।

ਬਿਨਾ ਇਮੀਗ੍ਰੇਸ਼ਨ ਵਾਲੇ ਵੀਜ਼ਾ ਪ੍ਰੋਗਰਾਮਾਂ ਵਿੱਚ ਜਵਾਬੀ-ਬਦਲੇ ਸਬੰਧੀ ਕੋਈ ਸ਼ਿਕਾਇਤ ਦਾਇਰ ਕਰਨ ਲਈ, ਟੋਲ-ਫ੍ਰੀ ਜਾਣਕਾਰੀ ਅਤੇ ਹੈਲਪਲਾਈਨ, ਜੋ ਤੁਹਾਡੇ ਟਾਈਮਜ਼ੋਨ 1-866-4USWAGE (1-866-487-9243) ਵਿੱਚ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਉਪਲਬਧ ਹੁੰਦੀ ਹੈ, ਨੂੰ ਕਾੱਲ ਕਰੋ। ਭਾਸ਼ਾ ਸੇਵਾਵਾਂ ਉਪਲਬਧ ਹਨ ਅਤੇ ਕਾੱਲਸ ਗੁਪਤ ਹੁੰਦੀਆਂ ਹਨ।

**ਕੀ ਕੰਮ ਦਾ ਅਖ਼ਤਿਆਰ ਪ੍ਰਾਪਤ ਨਾ ਹੋਣ ਵਾਲੇ ਵਰਕਰ ਬੈਕਪੇਅ ਲਈ ਹੱਕਦਾਰ ਹੁੰਦੇ ਹਨ?**

"ਬੈਕਪੇਅ" ਵਿਚ ਆਮ ਤੌਰ ਤੇ ਉਜਰਤਾਂ ਦੀਆਂ ਦੋ ਸ਼੍ਰੇਣੀਆਂ ਸ਼ਾਮਲ ਹੁੰਦੀਆਂ ਹਨ: (a) ਕੀਤੇ ਗਏ ਕੰਮ ਲਈ ਕਮਾਈਆਂ ਗਈਆਂ ਉਜਰਤਾਂ ਅਤੇ (b) ਉਸ ਕੰਮ ਲਈ ਦਿੱਤੀਆਂ ਗਈਆਂ ਉਜਰਤਾਂ, ਜੋ ਕੀਤਾ ਜਾਣਾ ਸੀ, ਜੇ ਵਰਕਰ ਨੂੰ ਗੈਰਕਾਨੂੰਨੀ ਤੌਰ ਤੇ ਨੌਕਰੀ ਤੋਂ ਨਾ ਕੱਢਿਆ ਗਿਆ ਹੁੰਦਾ। ਕੰਮ ਦਾ ਅਖ਼ਤਿਆਰ ਪ੍ਰਾਪਤ ਨਾ ਹੋਣ ਵਾਲੇ  ਵਰਕਰਾਂ ਕੋਲ ਹਮੇਸ਼ਾ ਪਹਿਲੀ ਸ਼੍ਰੇਣੀ ਦੇ ਬੈਕਪੇਅ, ਜਾਂ ਉਹ ਉਜਰਤਾਂ, ਜੋ ਉਹਨਾਂ ਨੇ ਕੀਤੇ ਗਏ ਕੰਮ ਲਈ ਕਮਾਈਆਂ ਹਨ, ਇਸਦੇ ਨਾਲ-ਨਾਲ ਕੁਝ ਹੋਰ ਤਦਬੀਰਾਂ, ਜੋ ਮਜ਼ਦੂਰ ਅਤੇ ਰੋਜ਼ਗਾਰ ਕਾਨੂੰਨਾਂ ਦੇ ਤਹਿਤ ਢੁਕਵੀਆਂ ਹੁੰਦੀਆਂਹਨ, ਲਈ ਅਧਿਕਾਰ ਹੁੰਦਾ ਹੈ।

ਬੈਕਪੇਅ ਦੀ ਦੂਜੀ ਸ਼੍ਰੇਣੀ ਉੱਤੇ ਜਾਂ ਪੂਰੇ ਨਾ ਕੀਤੇ ਗਏ ਕੰਮ ਦੇ ਸਬੰਧ ਵਿੱਚ ਕੰਮ ਲਈ ਅਖ਼ਤਿਆਰ ਪ੍ਰਾਪਤ ਨਾ ਹੋਣ ਵਾਲੇ ਵਰਕਰਾਂ ਲਈ ਉਜਰਤਾਂਤੇ ਕੁਝ ਸੀਮਾਵਾਂ ਹੁੰਦੀਆਂ ਹਨ। ਅਮਰੀਕਾ ਦੀ  ਸੁਪਰੀਮ ਕੋਰਟ ਨੇ *ਹੌਫਮੈਨ ਪਲਾਸਟਿਕ ਕੰਪਾਊਂਡਸ, ਇੰਕ. ਬਨਾਮ NLRB*, 535 U.S. 137 (2002) ਵਿੱਚ ਫ਼ਰਮਾਨ ਕੀਤਾ ਹੈ ਕਿ NLRB ਅਜਿਹੇ ਕਿਸੇ ਬਿਨਾ ਅਖ਼ਤਿਆਰਪ੍ਰਾਪਤ ਵਰਕਰਰ ਨੂੰ ਬੈਕਪੇਅ ਨਹੀਂ ਦੇ ਸਕੇਗਾ, ਜਿਸ ਨੂੰ ਯੂਨੀਅਨ ਵਲੋਂ ਚਲਾਈ ਜਾ ਰਹੀ ਮੁਹਿੰਮ ਵਿੱਚ ਉਸਦੀ ਭਾਗੀਦਾਰੀ ਦੇ ਜਵਾਬੀ-ਬਦਲੇ ਵਿੱਚ ਉਸ ਕੰਮ ਲਈ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ, ਜੋ ਕੀਤਾ ਗਿਆ ਹੋਣਾ ਸੀ, ਜੇ ਮਜ਼ਦੂਰ ਨੂੰ ਗੈਰਕਾਨੂੰਨੀ ਤੌਰ ਤੇ ਨੌਕਰੀ ਤੋਂ ਨਾ ਕੱਢਿਆ ਗਿਆ ਹੁੰਦਾ। ਇਸਦੇ ਉਲਟ, ਜੇ ਕੰਮ ਲਈ ਅਖ਼ਤਿਆਰ ਪ੍ਰਾਪਤ ਵਰਕਰ ਨੂੰ ਗੈਰਕਾਨੂੰਨੀ ਤਰੀਕੇ ਨਾਲ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ, ਤਾਂ ਉਸ ਵਰਕਰ ਨੂੰ ਆਮ ਤੌਰ ਤੇ ਉਸ ਕੰਮ ਵਾਸਤੇ ਬੈਕਪੇਅ ਦਿੱਤੀ ਜਾ ਸਕਦੀ ਹੈ, ਜੋ ਕੀਤਾ ਗਿਆ ਹੋਣਾ ਸੀ, ਜੇ ਮਜ਼ਦੂਰ ਨੂੰ ਨੌਕਰੀ ਤੋਂ ਨਾ ਕੱਢਿਆ ਗਿਆਹੁੰਦਾ। ਕੋਈ ਵਰਕਰ ਇਮੀਗ੍ਰੇਸ਼ਨ ਸਥਿਤੀ ਨੂੰ ਧਿਆਨ ਵਿਚ ਰੱਖੇ ਬਿਨਾ, ਅਸਲ ਵਿੱਚ ਕੀਤੇ ਗਏ ਕੰਮ ਲਈ ਹਮੇਸ਼ਾ ਤਨਖ਼ਾਹ ਦਾ ਹੱਕਦਾਰ ਹੁੰਦਾ ਹੈ।

ਤਦਬੀਰਾਂ ਬਾਰੇ ਵਾਧੂ ਜਾਣਕਾਰੀ ਲਈ, ਕਿਰਪਾ ਕਰਕੇ ਦੇਖੋ:

NLRB ਜਨਰਲ ਕਾਉਂਸਿਲ ਮੇਮੋਰੇਂਡਾ:

- GC 15-03 ਇਮੀਗ੍ਰੇਸ਼ਨ ਸਥਿਤੀ ਦੇ ਮੁੱਦਿਆਂ ਨਾਲ ਨਜਿੱਠਣ ਲਈ ਅਪਡੇਟ ਕੀਤੀਆਂ ਕਾਰਜ-ਵਿਧੀਆਂ, ਜੋ ਪੱਖਪਾਤੀ ਕਿਰਤ ਤਰੀਕਿਆਂ ਸਬੰਧੀ ਕਾਰਵਾਆਂ ਦੌਰਾਨ ਸਾਹਮਣੇ ਆਉਂਦੇ ਹਨ
- GC 98-15 ਪੱਖਪਾਤ ਦਾ ਸ਼ਿਕਾਰ ਬਣੇ ਅਜਿਹੇ ਵਿਅਕਤੀਆਂ ਲਈ ਬਹਾਲੀ ਅਤੇ ਬੈਕਪੇਅ ਤਦਬੀਰਾਂ,ਜੋ ਹਾਲੀਆ ਬੋਰਡ ਅਤੇ ਅਦਾਲਤੀ ਤਦਬੀਰਾਂ ਨੂੰ ਧਿਆਨ ਵਿੱਚ ਰੱਖਕੇ ਦਸਤਾਵੇਜ਼ ਵਿੱਚ ਦਰਜ ਨਾ ਕੀਤੇ ਗਏ ਵਿਦੇਸ਼ੀ ਹੋ ਸਕਦੇ ਹਨ
- GC 02-06 ਪੱਖਪਾਤ ਦਾ ਸ਼ਿਕਾਰ ਬਣੇ ਅਜਿਹੇ ਵਿਅਕਤੀਆਂ ਲਈ ਕਾਰਜ-ਵਿਧੀਆਂ ਅਤੇ ਤਦਬੀਰਾਂ, ਜੋ *ਹੌਫਮੈਨ ਪਲਾਸਟਿਕ ਕੰਪਾਊਂਡਸ, ਇੰਕ. ਤੋਂ ਬਾਅਦ ਦਸਤਾਵੇਜ਼ ਵਿੱਚ ਦਰਜ ਨਾ ਕੀਤੇ ਗਏ ਵਿਦੇਸ਼ੀ ਹੋ ਸਕਦੇ ਹਨ*

ਅਮਰੀਕੀ ਕਿਰਤ ਵਿਭਾਗ, ਉਜਰਤਾਂ ਅਤੇ ਕੰਮ ਦੇ ਸਮਿਆਂ ਬਾਰੇ ਡਿਵੀਜ਼ਨ ਤੱਥ- ਸ਼ੀਟ #48: *ਇਮੀਗ੍ਰੈਂਟ ਵਰਕਰਾਂ ਲਈ ਅਮਰੀਕੀ ਕਿਰਤ ਕਾਨੂੰਨਾਂ (U.S. Labor Laws) ਦੀ ਵਰਤੋਂ: ਉਜਰਤਾਂ ਅਤੇ ਕੰਮ ਦੇ ਸਮਿਆਂ ਬਾਰੇਡਿਵੀਜ਼ਨ ਵਲੋਂ ਲਾਗੂ ਕੀਤੇ ਕਾਨੂੰਨਾਂ ਤੇ ਹੌਫਮੈਨ ਪਲਾਸਟਿਕਸ ਫੈਸਲੇ ਦਾ ਪ੍ਰਭਾਵ*

ਪਿਛਲੀ ਵਾਰ ਅਪਡੇਟ ਕੀਤਾ: 10 ਦਿਸੰਬਰ, 2015